ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ
ਐਟ ਪੰ.ਸ.ਸਿੱ.ਬੋਰਡ ਕੰਪਲੈਕਸ, ਫੇਜ਼-VIII, ਐਸ.ਏ.ਐਸ. ਨਗਰ।
(ਕੋਆਰਡੀਨੇਸ਼ਨ ਸ਼ਾਖਾ)
(email. dpise.coordination@punjabeducation.gov.in)

ਸੇਵਾ ਵਿਖੇ

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ), ਪੰਜਾਬ।
2. ਸਮੂਹ ਸਕੂਲ ਮੁਖੀ, ਪੰਜਾਬ।

ਮੀਮੋ ਨੰ. 894795/DPISE-Cord/3/2025 13539
ਮਿਤੀ: 16/05/2025

ਵਿਸ਼ਾ:- ਈ-ਪੰਜਾਬ ਪੋਰਟਲ ਤੇ ਸੈਂਕਸ਼ਨ ਪੋਸਟਾਂ ਅਤੇ ਸਰਪਲੱਸ ਪੋਸਟਾਂ ਅਪਡੇਟ ਕਰਨ ਸਬੰਧੀ।

1.0 ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਈ-ਪੰਜਾਬ ਪੋਰਟਲ ਤੇ ਸੈਂਕਸ਼ਨ ਪੋਸਟਾਂ ਅਤੇ ਸਰਪਲੱਸ ਪੋਸਟਾਂ ਦਾ ਡਾਟਾ ਅਪਡੇਟ ਕਰਨ ਲਈ ਈ-ਪੰਜਾਬ ਪੋਰਟਲ live ਕਰ ਦਿੱਤਾ ਗਿਆ ਹੈ।

2.0 ਆਪ ਨੂੰ ਲਿਖਿਆ ਜਾਂਦਾ ਹੈ ਕਿ ਈ-ਪੰਜਾਬ ਪੋਰਟਲ ਤੇ ਦਿਖਾਈ ਦੇ ਰਹੇ ਪੋਸਟਾਂ ਦੇ ਡਾਟੇ ਨੂੰ ਤਾਜਾ ਸਥਿਤੀ ਅਨੁਸਾਰ ਆਪਣੇ ਰਿਕਾਰਡ ਨਾਲ ਚੈੱਕ ਕਰ ਲਿਆ ਜਾਵੇ। ਜੇਕਰ ਕਿਸੇ ਬਦਲਾਵ ਦੀ ਜਰੂਰਤ ਹੈ ਤਾਂ ਡਾਟਾ ਅਪਡੈਟ ਕਰ ਦਿੱਤਾ ਜਾਵੇ।

3.0 ਉਪਰੋਕਤ ਡਾਟੇ ਨੂੰ ਅਪਰੂਵ ਕਰਨ ਤੋਂ ਪਹਿਲਾਂ ਸਮੂਹ ਡੀ.ਡੀ.ਓ. ਵੱਲੋਂ ਇਸ ਨੂੰ ਤਸਦੀਕ ਕਰਨਾ ਯਕੀਨੀ ਬਣਾਇਆ ਜਾਵੇ। ਸਾਰੀਆਂ ਪੋਸਟਾਂ ਨੂੰ ਇੱਕ ਵਾਰ ਵਿੱਚ ਹੀ ਅਪਡੇਟ ਕਰਕੇ ਅਪਰੂਵ ਕੀਤਾ ਜਾਵੇ, ਅਪਰੂਵ ਹੋ ਜਾਣ ਤੋਂ ਬਾਅਦ ਭਰੇ ਹੋਏ ਡਾਟੇ ਨੂੰ ਡਿਸਅਪਰੂਵ ਨਹੀਂ ਕੀਤਾ ਜਾਵੇਗਾ।

4.0 ਇਹ ਹਦਾਇਤ ਕੀਤੀ ਜਾਂਦੀ ਹੈ ਕਿ ਪੋਰਟਲ ਤੇ ਪੋਸਟਾਂ ਦੀ ਅਪਡੇਸ਼ਨ ਦਾ ਕੰਮ ਮਿਤੀ 20.05.2025 ਤੱਕ ਹਰ ਹਾਲਤ ਵਿੱਚ ਮੁਕੰਮਲ ਕਰ ਲਿਆ ਜਾਵੇ, ਇਸ ਉਪਰੰਤ ਪੋਰਟਲ ਨੂੰ ਸਕੂਲਾਂ ਲਈ ਬੰਦ ਕਰ ਦਿੱਤਾ ਜਾਵੇਗਾ ਅਤੇ ਇਸ ਤੋਂ ਬਾਅਦ ਕੋਈ ਵੀ ਅਪਡੇਸ਼ਨ ਨਹੀਂ ਕੀਤੀ ਜਾਵੇਗੀ।

16.05.25

ਸਹਾਇਕ ਡਾਇਰੈਕਟਰ (ਕੋਆਰਡੀਨੇਸ਼ਨ)